# ਵਚਨ

ਸ਼ਬਦ ਦੇ ਜਿਸ ਰੂਪ ਤੋਂ ਕਿਸੇ ਜੀਵ, ਵਸਤੂ, ਸਥਾਨ ਆਦਿ ਦਾ ਗਿਣਤੀ ਵਿੱਚ ਇੱਕ ਜਾਂ ਇੱਕ ਤੋਂ ਵੱਧ ਹੋਣ ਦੇ ਫ਼ਰਕ ਦਾ ਪਤਾ ਲੱਗੇ ਉਸ ਨੂੰ ਵਚਨ ਆਖਦੇ ਹਨ । ਪੰਜਾਬੀ ਵਿੱਚ ਵਚਨ ਦੋ ਹਨ ਇੱਕ-ਵਚਨ ਅਤੇ ਬਹੁ-ਵਚਨ।

**ਇੱਕ ਵਚਨ :** ਸ਼ਬਦ ਦੇ ਜਿਸ ਰੂਪ ਤੋਂ ਕਿਸੇ ਇੱਕ ਜੀਵ, ਵਸਤੂ, ਸਥਾਨ ਆਦਿ ਦਾ ਗਿਆਨ ਹੋਵੇ ਉਸ ਨੂੰ ਇੱਕ ਵਚਨ ਆਖਦੇ ਹਨ, ਜਿਵੇਂ ਨਹਿਰ, ਬਸਤਾ, ਘੜੀ, ਤੋਤਾ ।

**ਬਹੁ ਵਚਨ :** ਸ਼ਬਦ ਦੇ ਜਿਸ ਰੂਪ ਤੋਂ ਇੱਕ ਤੋਂ ਵੱਧ ਜੀਵਾਂ, ਵਸਤਾਂ, ਸਥਾਨਾਂ ਆਦਿ ਦਾ ਗਿਆਨ ਹੋਵੇ ਉਸ ਨੂੰ ਬਹੁ-ਵਚਨ ਆਖਦੇ ਹਨ. ਜਿਵੇਂ: ਨਹਿਰਾਂ, ਬਸਤੇ, ਘੜੀਆਂ, ਤੋਤੇ ।

ਪੰਜਾਬੀ ਵਿੱਚ ਸ਼ਬਦ ਦੇ ਇੱਕ-ਵਚਨ ਤੋਂ ਬਹੁ-ਵਚਨ ਬਣਾਉਣ ਦੇ ਕੁਝ ਮੋਟੇ-ਮੋਟੇ ਨਿਯਮ ਇਸ ਪ੍ਰਕਾਰ ਹਨ :

(1) ਜਿਸ ਇੱਕ ਵਚਨ ਪੁਲਿੰਗ ਸ਼ਬਦ ਦੇ ਅੰਤ ਵਿੱਚ ਕੰਨਾ (ਾ) ਹੋਵੇ ਉਸ ਦਾ ਬਹੁ ਵਚਨ ਅੰਤ ਵਾਲ਼ੇ ਕੰਨੇ ਦੀ ਥਾਂ ਲਾਂ ( ੇ ) ਲਾ ਕੇ ਬਣਾਇਆ ਜਾਂਦਾ ਹੈ, ਜਿਵੇਂ:

| **ਇੱਕ-ਵਚਨ** | **ਬਹੁ-ਵਚਨ** |
|---|---|
| ਕਾਕਾ | ਕਾਕੇ |
| ਘੋੜਾ | ਘੋੜੇ |
| ਪੱਤਾ | ਪੱਤੇ |
| ਮਾਮਾ | ਮਾਮੇ |

(2) ਜਿਸ ਇੱਕ-ਵਚਨ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ ਬਿਹਾਰੀ ( ੀ ) ਲੱਗੀ ਹੁੰਦੀ ਹੈ ਉਸ ਸ਼ਬਦ ਦਾ ਬਹੁ ਵਚਨ ਰੂਪ ਅੰਤ ਵਿੱਚ 'ਆਂ' ਲਾ ਕੇ ਬਣਦਾ ਹੈ, ਜਿਵੇਂ :

| **ਇੱਕ-ਵਚਨ** | **ਬਹੁ-ਵਚਨ** |
|---|---|
| ਕਲੀ | ਕਲੀਆਂ |
| ਚਾਚੀ | ਚਾਚੀਆਂ |
| ਮੋਰਨੀ | ਮੋਰਨੀਆਂ |



Scanned with CamScanner

(3) ਜਿਸ ਇੱਕ-ਵਚਨ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ ਮੁਕਤਾ ਅੱਖਰ ਹੋਵੇ ਉਸ ਦਾ ਬਹੁ-ਵਚਨ ਰੂਪ ਕੰਨੇ ਉੱਤੇ ਬਿੰਦੀ ( ਾਂ ) ਲਾ ਕੇ ਬਣਾਇਆ ਜਾਂਦਾ ਹੈ, ਜਿਵੇਂ:

| **ਇੱਕ ਵਚਨ** | **ਬਹੁ ਵਚਨ** |
|---|---|
| ਕਿਤਾਬ | ਕਿਤਾਬਾਂ |
| ਬੁਨੈਣ | ਬਨੈਣਾਂ |
| ਬਾਂਹ | ਬਾਹਾਂ |
| ਲੱਤ | ਲੱਤਾਂ |

(4) ਜਿਸ ਇੱਕ ਵਚਨ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ ਕੰਨਾ ( ਾ ) ਹੋਵੇ ਉਸਦਾ ਬਹੁ ਵਚਨ ਰੂਪ 'ਵਾਂ' ਲਾ ਕੇ ਬਣਾਇਆ ਜਾਂਦਾ ਹੈ, ਜਿਵੇਂ :

| **ਇੱਕ ਵਚਨ** | **ਬਹੁ ਵਚਨ** |
|---|---|
| ਸਭਾ | ਸਭਾਵਾਂ |
| ਹਵਾ | ਹਵਾਵਾਂ |
| ਕਵਿਤਾ | ਕਵਿਤਾਵਾਂ |
| ਦੁਰਘਟਨਾ | ਦੁਰਘਟਨਾਵਾਂ |

(5) ਜਿਸ ਇੱਕ ਵਚਨ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ ਕੰਨੇ ਉੱਤੇ ਬਿੰਦੀ ਹੋਵੇ ਉਸ ਦਾ ਬਹੁ ਵਚਨ 'ਵਾਂ' ਲਾ ਕੇ ਬਣਾਇਆ ਜਾਂਦਾ ਹੈ, ਜਿਵੇਂ :

| **ਇੱਕ ਵਚਨ** | **ਬਹੁ ਵਚਨ** |
|---|---|
| ਛਾਂ | ਛਾਂਵਾਂ |
| ਥਾਂ | ਥਾਂਵਾਂ |
| ਮਾਂ | ਮਾਂਵਾਂ |
| ਲਾਂ | ਲਾਂਵਾਂ |

(6) ਜਿਸ ਇੱਕ ਵਚਨ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ ਦੁਲਾਵਾਂ ( ੈ ), ਔਂਕੜ ( ੁ ) ਦੁਲੈਂਕੜ ( ੂ ) ਜਾਂ ਹੋੜਾ ( ੋ ) ਹੋਵੇ ਉਸ ਦਾ ਬਹੁ ਵਚਨ ਰੂਪ ਅੰਤ 'ਆਂ' ਲਾ ਕੇ ਬਣਾਇਆ ਜਾਂਦਾ ਹੈ, ਜਿਵੇਂ :

| **ਇੱਕ ਵਚਨ** | **ਬਹੁ ਵਚਨ** |
|---|---|
| ਸਹੁੰ | ਸਹੁੰਆਂ |
| ਕਨਸੋ | ਕਨਸੋਆਂ |
| ਕੈ | ਕੈਆਂ |

Scanned with CamScanner

| | |
|---|---|
| ਖ਼ੁਸ਼ਬੋ | ਖ਼ੁਸ਼ਬੋਆਂ |
| ਜੂੰ | ਜੂੰਆਂ |
| ਲੈ | ਲੈਆਂ |
| ਲੋ | ਲੋਆਂ |
| ਵਸਤੂ | ਵਸਤੂਆਂ |

(7) ' ਜਿਸ ਪੁਲਿੰਗ ਦੇ ਇੱਕ ਵਚਨ ਸ਼ਬਦ ਦੇ ਅੰਤ ਵਿੱਚ ਕੰਨਾ ਨਹੀਂ ਹੁੰਦਾ ਅਰਥਾਤ ਕੰਨੇ ਨੂੰ ਛੱਡ ਕੇ ਮੁਕਤਾ ਜਾਂ ਹੋਰ ਕੋਈ ਮਾਤਰਾ ਹੁੰਦੀ ਹੈ ਉਸ ਸ਼ਬਦ ਦਾ ਇੱਕ ਵਚਨ ਅਤੇ ਬਹੁ ਵਚਨ ਰੂਪ ਇੱਕ ਹੀ ਹੁੰਦਾ ਹੈ, ਜਿਵੇਂ :

ਸਿਰ, ਦੁੱਧ, ਹੱਥ, ਡੱਡੂ, ਢੋਲੀ, ਧੋਬੀ, ਫੁੱਲ, ਮੇਜ਼, ਮੋਰ ।

ਕਈ ਵਾਰੀ ਵਿਦਿਆਰਥੀ ਭੁਲੇਖੇ ਨਾਲ਼ ਇਹਨਾਂ ਸ਼ਬਦਾਂ ਦਾ ਬਹੁ ਵਚਨ ਰੂਪ ਸਿਰਾਂ, ਹੱਥਾਂ, ਡੱਡੂਆਂ, ਢੋਲੀਆਂ, ਧੋਬੀਆਂ, ਫੁੱਲਾਂ, ਮੇਜ਼ਾਂ, ਮੋਰਾਂ ਸਮਝ ਲੈਂਦਾ ਹੈ । ਚੇਤੇ ਰਹੇ ਕਿ ਇਹ ਉੱਪਤ ਦਿੱਤੇ ਸ਼ਬਦਾਂ ਦੇ ਸੰਬੰਧਕੀ ਰੂਪ ਹਨ । ਜਦੋਂ ਇਹਨਾਂ ਸ਼ਬਦਾਂ ਤੋਂ ਪਿੱਛੋਂ ਕੋਈ ਸੰਬੰਧਕ ਆਉਂਦਾ ਹੈ ਤਾਂ ਇਹ ਸ਼ਬਦ ਇਸ ਰੂਪ ਵਿੱਚ ਹੁੰਦੇ ਹਨ, ਜਿਵੇਂ :

(ੳ) ਮੋਰਾਂ ਨੇ ਪੈਲ ਪਾਈ ।

(ਅ) ਫੁੱਲਾਂ ਉੱਤੇ ਭੌਰੇ ਬੈਠੇ ਹਨ ।

(ੲ) ਮੇਜ਼ਾਂ ਉੱਤੇ ਕਾਪੀਆਂ ਪਈਆਂ ਹਨ ।

ਨੋਟ :

1. ਨਾਂਵ ਸ਼ਬਦਾਂ ਦੇ ਇੱਕ ਵਚਨ ਰੂਪ ਤੋਂ ਬਹੁ ਵਚਨ ਰੂਪ ਬਣਾਉਣ ਵੇਲ਼ੇ ਉਹਨਾਂ ਦਾ ਸਧਾਰਨ ਰੂਪ ਹੀ ਲਿਆ ਜਾਂਦਾ ਹੈ, ਸੰਬੰਧਕੀ ਜਾਂ ਸੰਬੋਧਨੀ ਰੂਪ ਨਹੀਂ।
2. ਪੰਜਾਬੀ ਵਿੱਚ ਆਦਰ-ਸੂਚਕ ਸ਼ਬਦ ਬਹੁ ਵਚਨ ਰੂਪ ਵਿੱਚ ਇੱਕ ਵਚਨ ਲਈ ਵਰਤੇ ਜਾਂਦੇ ਹਨ, ਜਿਵੇਂ : ਤੂੰ ਲਈ. ਤੁਸੀਂ।
3. ਜਿਹੜੇ ਸ਼ਬਦ ਨਾਲ਼ ਆਦਰ ਵਜੋਂ 'ਜੀ' ਸ਼ਬਦ ਲਗਦਾ ਹੈ, ਉਸ ਨੂੰ ਬਹੁ-ਵਚਨ ਮੰਨ ਕੇ ਉਸ ਅਨੁਸਾਰ ਹੀ ਵਾਕ ਵਿੱਚ ਵਿਸ਼ੇਸ਼ਣ, ਕਿਰਿਆ ਆਦਿ ਸ਼ਬਦ ਵਰਤੇ ਜਾਂਦੇ ਹਨ, ਜਿਵੇਂ ਮਾਸਟਰ ਜੀ, ਸਰਦਾਰ ਜੀ।
4. ਕਈਆਂ ਸ਼ਬਦਾਂ ਦਾ ਕੇਵਲ ਬਚਨ ਰੂਪ ਹੀ ਮਿਲਦਾ ਹੈ, ਇੱਕ ਵਚਨ ਨਹੀਂ, ਜਿਵੇਂ : ਲੋਕ, ਨਾਨਕੇ, ਆਦਿ।

Scanned with CamScanner

**ਵਚਨ ਦਾ ਨਾਂਵ, ਵਿਸ਼ੇਸ਼ਣ ਅਤੇ ਕਿਰਿਆ ਉੱਤੇ ਪ੍ਰਭਾਵ**

ਵਚਨ ਦੇ ਬਦਲਣ ਨਾਲ਼ ਵਾਕ ਵਿਚਲੇ ਨਾਂਵ, ਵਿਸ਼ੇਸ਼ਣ ਅਤੇ ਕਿਰਿਆ ਸ਼ਬਦਾਂ ਦਾ ਰੂਪ ਹੀ ਬਦਲਦਾ ਹੈ । ਉਦਾਹਰਨ ਲਈ ਹੇਠ ਲਿਖੇ ਵਾਕ ਵੇਖੋ :

ਚਿੱਟਾ ਘੋੜਾ **ਦੌੜਦਾ** ਹੈ ।

ਚਿੱਟੇ ਘੋੜੇ **ਦੌੜਦੇ** ਹਨ ।

**ਉੱਚੀ** ਇਮਾਰਤ ਦੂਰੋਂ **ਦਿਸਦੀ** ਹੈ ।

**ਉੱਚੀਆਂ** ਇਮਾਰਤਾਂ ਦੂਰੋਂ **ਦਿਸਦੀਆਂ** ਹਨ ।

ਪਹਿਲੇ ਵਾਕ ਵਿੱਚ 'ਘੋੜਾ' ਨਾਂਵ ਇੱਕ ਵਚਨ ਹੈ। ਇਸ ਦੇ ਨਾਲ਼ 'ਚਿੱਟਾ' ਵਿਸ਼ੇਸ਼ਣ ਹੈ ਅਤੇ 'ਦੌੜਦਾ' ਹੈ ਕਿਰਿਆ ਹੈ । ਦੂਜੇ ਵਾਕ ਵਿੱਚ 'ਘੋੜਾ' ਦਾ ਬਹੁ ਵਚਨ 'ਘੋੜੇ' ਬਣਿਆ ਹੈ । ਇਸ ਤਬਦੀਲੀ ਨਾਲ਼ ਵਾਕ ਵਿੱਚ ਵਿਸ਼ੇਸ਼ਣ (ਚਿੱਟਾ ਤੋਂ ਚਿੱਟੇ) ਅਤੇ ਕਿਰਿਆ (ਦੌੜਦਾ ਤੋਂ ਦੌੜਦੇ ਹਨ) ਬਦਲੇ ਹਨ । ਇਸ ਪ੍ਰਕਾਰ ਹੀ ਤੀਜੇ ਅਤੇ ਚੌਥੇ ਵਾਕ ਵਿੱਚ ਵਚਨ ਬਦਲਣ ਨਾਲ਼ ਨਾਂਵ, ਵਿਸ਼ੇਸ਼ਣ ਅਤੇ ਕਿਰਿਆ ਉੱਤੇ ਪ੍ਰਭਾਵ ਪਿਆ ਹੈ।

## ਅਭਿਆਸ

1. ਵਚਨ ਕਿਸ ਨੂੰ ਕਹਿੰਦੇ ਹਨ ?
2. ਪੰਜਾਬੀ ਵਿੱਚ ਵਚਨ ਕਿਹੜੇ-ਕਿਹੜੇ ਹਨ ? ਉਦਾਹਰਨਾਂ ਸਹਿਤ ਦੱਸੋ ।
3. ਜਿਹੜੇ ਇੱਕ ਵਚਨ ਪੁਲਿੰਗ ਸ਼ਬਦ ਦੇ ਅੰਤ ਵਿੱਚ ਕੰਨਾ ( ਾ ) ਹੋਵੇ ਉਸ ਦਾ ਬਹੁ ਵਚਨ ਬਣਾਉਣ ਦਾ ਕੀ ਨਿਯਮ ਹੈ ? ਉਦਾਹਰਨ ਸਹਿਤ ਦੱਸੋ ।
4. ਹੇਠ ਲਿਖੇ ਇੱਕ ਵਚਨ ਸ਼ਬਦ ਦਾ ਬਹੁ ਵਚਨ ਰੂਪ ਬਣਾਉ । ਨਿਯਮ ਵੀ ਦੱਸੋ : ਤੋਤੀ, ਤਾਈ, ਕੁਰਸੀ ।
5. ਹੇਠ ਲਿਖੇ ਸ਼ਬਦਾਂ ਦਾ ਬਹੁ ਵਚਨ ਰੂਪ ਲਿਖੋ :
   ਵਸਤੂ, ਦੁਰਘਟਨਾ, ਬੁਨੈਣ, ਸਿਰ, ਮੋਰ ।
6. ਹੇਠ ਲਿਖੇ ਵਾਕ ਵਿੱਚ ਮੋਟੇ ਲਿਖੇ ਨਾਂਵ ਸ਼ਬਦ ਦਾ ਵਚਨ ਬਦਲ ਕੇ ਹੋਰ ਲੋੜੀਂਦੀਆਂ ਤਬਦੀਲੀਆਂ ਸਮੇਤ ਵਾਕ ਨੂੰ ਮੁੜ ਲਿਖੋ :
   ਚਿੱਟੀ **ਘੋੜੀ** ਦੌੜਦੀ ਹੈ ।

*******

Scanned with CamScanner